


ਤੁਸੀਂ ਸਕਾਟਲੈਂਡ ਵਿੱਚ ਐੱਨ.ਐੱਚ.ਐੱਸ. ਦੀ ਦੰਦਾਂ ਦੀ ਦੇਖਭਾਲ ਅਤੇ ਇਲਾਜ ਵਿੱਚ ਤਬਦੀਲੀਆਂ ਬਾਰੇ ਸੁਣਿਆ ਹੋਵੇਗਾ। ਜੋ ਨਹੀਂ ਬਦਲ ਰਿਹਾ ਹੈ ਉਹ ਇਹ ਹੈ ਕਿ ਤੁਸੀਂ ਅਜੇ ਵੀ ਐੱਨ.ਐੱਚ.ਐੱਸ. ਰਾਹੀਂ ਵਿਆਪਕ ਪ੍ਰਕਾਰ ਦੀ ਦੰਦਾਂ ਦੀ ਦੇਖਭਾਲ ਅਤੇ ਇਲਾਜ ਪ੍ਰਾਪਤ ਕਰ ਸਕਦੇ ਹੋ। ਅਤੇ ਕੁਝ ਲੋਕਾਂ ਲਈ, ਇਲਾਜ ਪੂਰੀ ਤਰ੍ਹਾਂ ਮੁਫ਼ਤ ਹੋ ਸਕਦਾ ਹੈ।

**NHSInform.scot/dentist 'ਤੇ ਹੋਰ ਜਾਣਕਾਰੀ ਪ੍ਰਾਪਤ ਕਰੋ**

**ਇਲਾਜ ਅਤੇ ਮੁਆਇਨਿਆਂ ਦੇ ਖ਼ਰਚੇ**
1 ਨਵੰਬਰ 2023 ਤੋਂ, ਜੇਕਰ ਤੁਸੀਂ ਆਪਣੇ ਐੱਨ.ਐੱਚ.ਐੱਸ. ਦੇ ਦੰਦਾਂ ਦੇ ਇਲਾਜ ਲਈ ਭੁਗਤਾਨ ਕਰਦੇ ਹੋ ਤਾਂ ਤੁਸੀਂ ਇਲਾਜ ਦੇ ਖ਼ਰਚਿਆਂ ਵਿੱਚ ਵਾਧਾ ਦੇਖ ਸਕਦੇ ਹੋ। ਇਹ ਵਾਧੇ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹਨ ਕਿ ਅਸੀਂ ਐੱਨ.ਐੱਚ.ਐੱਸ. ਦੀਆਂ ਦੰਦਾਂ ਦੀਆਂ ਸੇਵਾਵਾਂ ਲਗਾਤਾਰ ਮੁਹੱਈਆ ਕਰਨੀਆਂ ਜਾਰੀ ਰੱਖ ਸਕੀਏ ਅਤੇ ਇਹ ਮਰੀਜ਼ਾਂ ਲਈ ਲੋੜੀਂਦੀ ਦੇਖਭਾਲ ਪ੍ਰਦਾਨ ਕਰਨ ਦੀ ਖ਼ਰਚਿਆਂ ਵਿੱਚ ਵਾਧੇ ਨੂੰ ਦਰਸਾਉਂਦਾ ਹੈ।

**ਐੱਨ.ਐੱਚ.ਐੱਸ. ਦੇ ਦੰਦਾਂ ਦੇ ਮੁਆਇਨੇ**
ਸਕਾਟਲੈਂਡ ਵਿੱਚ ਹਰੇਕ ਵਿਅਕਤੀ ਐੱਨ.ਐੱਚ.ਐੱਸ. ਦੇ ਦੰਦਾਂ ਦੇ ਮੁਫ਼ਤ ਮੁਆਇਨੇ ਲਈ ਹੱਕਦਾਰ ਹੈ। ਪਰ ਇਨ੍ਹਾਂ ਦੀ ਵਾਰਵਰਤਾ ਹੁਣ ਤੁਹਾਡੀ ਵਿਅਕਤੀਗਤ ਜ਼ਰੂਰਤ 'ਤੇ ਅਧਾਰਤ ਹੈ। ਤੁਹਾਡਾ ਦੰਦਾਂ ਦਾ ਡਾਕਟਰ ਹਰੇਕ ਮੁਆਇਨੇ 'ਤੇ ਤੁਹਾਡੇ ਨਾਲ ਇਸ ਬਾਰੇ ਚਰਚਾ ਕਰੇਗਾ।

**ਮਰੀਜ਼ ਲਈ ਖ਼ਰਚ**
ਪਹਿਲਾਂ ਦੀ ਤਰ੍ਹਾਂ, ਐੱਨ.ਐੱਚ.ਐੱਸ. ਦੇ ਜਿਹੜੇ ਮਰੀਜ਼ ਆਪਣੇ ਇਲਾਜ ਲਈ ਭੁਗਤਾਨ ਕਰਦੇ ਹਨ, ਇਲਾਜ ਦੇ ਖ਼ਰਚਿਆਂ ਦਾ 80% ਭੁਗਤਾਨ ਕਰਦੇ ਹਨ। ਇਹ ਇਲਾਜ ਦੇ ਪ੍ਰਤੀ ਕੋਰਸ ਲਈ ਵੱਧ ਤੋਂ ਵੱਧ £384 ਦੀ ਰਾਸ਼ੀ 'ਤੇ ਸੀਮਤ ਹੋਣ ਵੱਜੋਂ ਜਾਰੀ ਰਹੇਗੀ। ਇਸ ਵੱਧ ਤੋਂ ਵੱਧ (ਰਾਸ਼ੀ) ਤੋਂ ਉੱਪਰ ਕਿਸੇ ਵੀ ਖ਼ਰਚਿਆਂ ਲਈ ਐੱਨ.ਐੱਚ.ਐੱਸ. ਵੱਲੋਂ ਪੂਰੀ ਤਰ੍ਹਾਂ ਸਬਸਿਡੀ ਦਾ ਦਿੱਤੇ ਜਾਣਾ ਜਾਰੀ ਰਹੇਗਾ। ਤੁਸੀਂ ਕਦੇ ਵੀ ਇਲਾਜ ਦੇ ਪ੍ਰਤੀ ਕੋਰਸ ਲਈ £384 ਤੋਂ ਵੱਧ ਦਾ ਭੁਗਤਾਨ ਨਹੀਂ ਕਰੋਗੇ। ਜ਼ਿਆਦਾਤਰ ਮਰੀਜ਼ ਇਸ ਤੋਂ ਬਹੁਤ ਘੱਟ ਭੁਗਤਾਨ ਕਰਨਗੇ।

**ਮੁਫ਼ਤ ਜਾਂ ਘੱਟ ਕੀਮਤ 'ਤੇ ਐੱਨ.ਐੱਚ.ਐੱਸ. ਦਾ ਦੰਦਾਂ ਦਾ ਇਲਾਜ**
ਹੇਠਾਂ ਦਿੱਤੇ ਵਿਅਕਤੀ ਐੱਨ.ਐੱਚ.ਐੱਸ. ਦੇ ਦੰਦਾਂ ਦਾ ਮੁਫ਼ਤ ਇਲਾਜ ਪ੍ਰਾਪਤ ਕਰ ਸਕਦੇ ਹਨ;

- 25 ਸਾਲ ਅਤੇ ਇਸ ਤੋਂ ਘੱਟ ਉਮਰ ਦਾ ਹਰੇਕ ਵਿਅਕਤੀ
- ਉਹ ਔਰਤਾਂ ਜੋ ਗਰਭਵਤੀ ਹਨ ਜਾਂ ਜਿਨ੍ਹਾਂ ਨੇ ਪਿਛਲੇ 12 ਮਹੀਨਿਆਂ ਵਿੱਚ ਬੱਚੇ ਨੂੰ ਜਨਮ ਦਿੱਤਾ ਹੈ।
- ਉਹ ਵਿਅਕਤੀ ਜਿਨ੍ਹਾਂ ਨੂੰ ਆਮਦਨ ਜਾਂ ਖਾਸ ਬੈਨੀਫਿਟਾਂ ਦੀ ਪ੍ਰਾਪਤੀ ਕਰਕੇ ਮਰੀਜ਼ ਦੇ ਖ਼ਰਚਿਆਂ ਤੋਂ ਪ੍ਰਮਾਣਿਤ ਛੋਟ ਮਿਲੀ ਹੁੰਦੀ ਹੈ

ਹੋਰ ਵਿਅਕਤੀ ਐੱਨ.ਐੱਚ.ਐੱਸ. ਦੀ ਘੱਟ ਆਮਦਨ ਸਕੀਮ (ਐੱਲ.ਆਈ.ਐੱਸ.) ਰਾਹੀਂ ਘਟੀ ਹੋਈ ਕੀਮਤ 'ਤੇ ਦੰਦਾਂ ਦੇ ਇਲਾਜ ਦੇ ਹੱਕਦਾਰ ਹੋ ਸਕਦੇ ਹਨ। ਐੱਲ.ਆਈ.ਐੱਸ. ਉਨ੍ਹਾਂ ਵਿਅਕਤੀਆਂ ਲਈ ਐੱਨ.ਐੱਚ.ਐੱਸ. ਦੇ ਮਰੀਜ਼ਾਂ ਦੇ ਕੁਝ ਕੁ ਜਾਂ ਸਾਰੇ ਖ਼ਰਚਿਆਂ ਲਈ ਮਦਦ ਕਰਦੀ ਹੈ ਜੋ ਖੁਦ-ਬ-ਖੁਦ ਮੁਫ਼ਤ ਇਲਾਜ ਦੇ ਹੱਕਦਾਰ ਨਹੀਂ ਹਨ, ਜਿਨ੍ਹਾਂ ਨੂੰ ਭੁਗਤਾਨ ਕਰਨ ਵਿੱਚ ਮੁਸ਼ਕਿਲ ਹੋ ਸਕਦੀ ਹੈ। ਸਕੀਮ ਤਹਿਤ ਮਦਦ ਆਮਦਨ ਨਾਲ ਸਬੰਧਤ ਹੈ ਅਤੇ ਹਰੇਕ ਵਿਅਕਤੀ ਦੀ ਭੁਗਤਾਨ ਕਰਨ ਦੀ ਯੋਗਤਾ ਦੇ ਮੁਲਾਂਕਣ 'ਤੇ ਆਧਾਰਿਤ ਹੈ। ਸਿਹਤ ਸੰਭਾਲ ਦੇ ਖ਼ਰਚਿਆਂ ਵਿੱਚ ਮਦਦ ਬਾਰੇ ਜਾਣਕਾਰੀ ਇੱਥੇ ਮਿਲ ਸਕਦੀ ਹੈ: ਸਿਹਤ ਖਰਚਿਆਂ ਵਿੱਚ ਮਦਦ | ਐੱਨ.ਐੱਚ.ਐੱਸ. ਇਨਫਾਰਮ

## ਐੱਨ.ਐੱਚ.ਐੱਸ. ਕੀਮਤ ਸੂਚੀ

| ਦੰਦਾਂ ਦੀ ਦੇਖਭਾਲ | ਮਰੀਜ਼ ਦੇ ਖ਼ਰਚ |
|---|---|
| ਜਾਂਚ (ਮੁਆਇਨਾ) | £0.00 |
| ਮੁਆਇਨਾ ਅਤੇ ਰੋਕਥਾਮ ਸਬੰਧੀ ਸਲਾਹ (ਜਿਸ ਵਿੱਚ ਦੰਦਾਂ 'ਤੇ ਜੰਮੀ ਪੇਪੜੀ ਨੂੰ ਲਾਹੁਣ ਅਤੇ ਪਾਲਿਸ਼ ਕਰਨੀ ਸ਼ਾਮਲ ਹੋ ਸਕਦੀ ਹੈ ਜੇਕਰ ਅਜਿਹਾ ਕਰਨਾ ਜ਼ਰੂਰੀ ਸਮਝਿਆ ਜਾਂਦਾ) | £15.68 |
| ਦੋ ਛੋਟੇ ਐਕਸ-ਰੇ | £11.04 |
| ਦੰਦਾਂ ਅਤੇ ਜਬਾੜੇ ਦਾ ਇੱਕ ਵੱਡਾ ਐਕਸ-ਰੇ | £13.56 |
| ਮੂੰਹ ਦੀ ਸਫ਼ਾਈ ਅਤੇ ਮਸੂੜਿਆਂ ਦੀ ਗਹਿਰਾਈ ਵਿੱਚ ਸਫ਼ਾਈ ਸਬੰਧੀ ਕੋਰਸ (1 ਤੋਂ 4 ਤੱਕ ਦੀਆਂ ਵੱਖੋ-ਵੱਖਰੀਆਂ ਅਪੌਇੰਟਮੈਂਟਾਂ ਵਿੱਚ) | £32.24 ਤੋਂ £93.32 ਤੱਕ |
| ਛੋਟੀ ਸਫੈਦ ਫਿਲਿੰਗ (ਸਾਹਮਣੇ ਵਾਲਾ ਦੰਦ) | £21.20 |
| ਛੋਟੀ ਧਾਤ ਦੀ ਫਿਲਿੰਗ (ਪਿਛਲਾ ਦੰਦ) | £12.72 |
| ਵੱਡੀ ਧਾਤ ਦੀ ਫਿਲਿੰਗ (ਪਿਛਲਾ ਦੰਦ) | £27.12 |
| ਰੂਟ ਕਨਾਲ ਇਲਾਜ | £94.96 ਤੋਂ £153.48 ਤੱਕ |
| ਮੁੜ ਤੋਂ ਰੂਟ ਕਨਾਲ ਇਲਾਜ ਲਈ ਵਧੀਕ ਫ਼ੀਸ | £44.08 |
| ਸਿੰਗਲ ਕ੍ਰਾਊਨ (ਸਿਰਫ਼ 17 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ) | £149.24 ਤੋਂ £185.72 ਤੱਕ |
| ਦੰਦ ਨੂੰ ਆਮ-ਸਧਾਰਨ ਢੰਗ ਨਾਲ ਕੱਢਣਾ (ਪ੍ਰਤੀ ਦੰਦ) | £28.84 |
| ਸਰਜਰੀ ਰਾਹੀਂ / ਗੁੰਝਲਦਾਰ ਤਰੀਕੇ ਨਾਲ ਦੰਦ ਨੂੰ ਕੱਢਣਾ (ਪ੍ਰਤੀ ਦੰਦ) | £55.12 ਤੋਂ £75.48 ਤੱਕ |
| ਦੰਦਾਂ ਦੇ ਉੱਪਰਲੇ ਅਤੇ ਹੇਠਲੇ ਬਣਾਉਟੀ ਦੰਦਾਂ ਦਾ ਮੁਕੰਮਲ ਸੈੱਟ | £344.32 |

Find out more at

NHSinform.scot/dentist

NHS SCOTLAND

Healthier Scotland Scottish Government